Dharm-8.qxd 12/8/2024 6:49 PM Page 1




# ਅਜੀਤ ਧਰਮ ਤੇ ਵਿਰਸਾ

ਸੋਮਵਾਰ, 9 ਦਸੰਬਰ, 2024

9




### ਸਿੰਧੀ ਭਾਈਚਾਰੇ ਬਾਰੇ ਇਕ ਨਜ਼ਰੀਆ ਇਹ ਵੀ!

# ਭੁੱਲੇ-ਵਿਸਰੇ ਨਾਨਕਪੰਥੀ ਸਿੰਧੀਆਂ ਵਾਸਤੇ ਸਿੱਖ ਪੰਥ ਕੀ ਕਰੇ?



ਡਾ. ਚਮਕੌਰ ਸਿੰਘ

**ਪਿਛਲੇ** ਦਿਨੀਂ ਮੱਧਪ੍ਰਦੇਸ਼ 'ਚ ਜਬਲਪੁਰ ਨੇੜੇ ਸ਼ਹਿਡੋਲ ਸ਼ਹਿਰ 'ਚ ਸਿੰਧੀ ਭਾਈਚਾਰੇ ਦੀ ਇਕ 13 ਸਾਲ ਦੀ ਨਾਬਾਲਗ ਬੱਚੀ ਵਲੋਂ ਅਗਿਆਨਤਾਵੱਸ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੇਸ ਧਾਰਨ ਕਰਨ ਵਾਲੀ ਘਟਨਾ ਜਿਸ ਤਰੀਕੇ ਨਾਲ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ, ਉਸ ਨੇ ਹਰ ਇਕ ਸਿੱਖ ਦੇ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ। ਅਜਿਹੀਆਂ ਘਟਨਾਵਾਂ ਕਿਉਂ ਵਾਪਰਦੀਆਂ ਹਨ? ਅਜਿਹੇ ਕਿਸੇ ਵਰਤਾਰੇ ਬਾਰੇ ਸਤਹੀ ਪੱਧਰ ਦਾ ਪ੍ਰਤੀਕਰਮ ਦੇ ਦੇਣਾ ਬਹੁਤ ਸੌਖਾ ਹੁੰਦਾ ਹੈ ਪਰੰਤੂ ਉਸ ਦੇ ਨਤੀਜੇ ਕਿੰਨੇ ਗੰਭੀਰ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ। ਹਰ ਮਸਲੇ ਦੀ ਕੋਈ ਇਕ ਪਰਤ ਜਾਂ ਕੋਈ ਇਕ ਪਾਸਾਰ ਨਹੀਂ ਹੁੰਦਾ। ਸਿਆਣੀਆਂ ਕੌਮਾਂ ਅਤੇ ਉਨ੍ਹਾਂ ਦੇ ਆਗੂ ਅਜਿਹੇ ਮਸਲਿਆਂ ਨੂੰ ਗੰਭੀਰਤਾ ਨਾਲ ਘੋਖ-ਵਿਚਾਰ ਕੇ ਆਪਣਾ ਪ੍ਰਤੀਕਰਮ ਹੀ ਨਹੀਂ ਦਿੰਦੇ, ਬਲਕਿ ਉਨ੍ਹਾਂ ਦੇ ਹੱਲ ਬਾਰੇ ਦੂਰਅੰਦੇਸ਼ ਵਿਉਂਤਬੰਦੀ ਕਰ ਕੇ ਉਸ ਨੂੰ ਅਮਲੀ ਜਾਮਾ ਵੀ ਪਹਿਨਾਉਂਦੇ ਹਨ।

ਅਸੀਂ ਪੰਜਾਬੀ, ਸਿੰਧੀ ਭਾਈਚਾਰੇ ਬਾਰੇ ਬਿਲਕੁਲ ਵੀ ਨਹੀਂ ਜਾਣਦੇ ਜਾਂ ਬਹੁਤ ਘੱਟ ਜਾਣਦੇ ਹਾਂ; ਇਹ ਸਾਨੂੰ ਮੰਨ ਲੈਣਾ ਚਾਹੀਦਾ ਹੈ। ਨਾਨਕਪੰਥੀ ਸੰਗਤਾਂ, ਜਿਨ੍ਹਾਂ 'ਚ ਕੇਵਲ ਸਿੰਧੀ ਹੀ ਸ਼ਾਮਿਲ ਨਹੀਂ, ਬਲਕਿ ਇਨ੍ਹਾਂ ਤੋਂ ਇਲਾਵਾ ਸਿਕਲੀਗਰ, ਵਣਜਾਰੇ, ਸਤਿਨਾਮੀਏ, ਲਾਮੇ ਅਤੇ ਹੋਰ ਬਹੁਤ ਸਾਰੇ ਕਬੀਲੇ ਵੀ ਸ਼ਾਮਿਲ ਹਨ। ਇਨ੍ਹਾਂ ਨਾਨਕਪੰਥੀ ਸੰਗਤਾਂ 'ਚ ਵਰਤਣ ਵਾਲੇ ਵਰਤਾਰੇ, ਪੰਜਾਬ ਅਤੇ ਵਿਸ਼ਵ ਦੇ ਵੱਖ-ਵੱਖ ਦੇਸ਼ਾਂ 'ਚ ਵੱਸ ਰਹੇ ਮੁੱਖਧਾਰਾ ਦੇ ਸਿੱਖਾਂ ਨਾਲੋਂ ਬਹੁਤ ਸਾਰੇ ਮਾਮਲਿਆਂ 'ਚ ਵਿਲੱਖਣ ਹਨ। ਸਿੰਧੀ ਨਾਨਕਪੰਥੀ ਭਾਈਚਾਰਾ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਆ ਰਿਹਾ ਹੈ। ਦਸ ਗੁਰੂ ਸਾਹਿਬਾਨ, ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਤੱਕ ਸਿੰਧ ਅਤੇ ਪੰਜਾਬ ਦੇ ਲੋਕਾਂ ਵਿਚਕਾਰ ਬਹੁਤ ਹੀ ਗੂੜ੍ਹਾ ਰਿਸ਼ਤਾ ਰਿਹਾ ਹੈ; ਜਿਸ ਬਾਰੇ ਸਾਡਾ ਬਹੁਤਾ ਸਿੱਖ ਇਤਿਹਾਸ ਜਾਂ ਤਾਂ ਖਾਮੋਸ਼ ਹੈ ਜਾਂ ਕਿਤੇ-ਕਿਤੇ ਇਸ਼ਾਰੇ-ਮਾਤਰ ਖਿੰਡੇ-ਪੁੰਡੇ ਜ਼ਿਕਰ ਵਾਲੇ ਸਰੋਤ, ਸੰਤੋਸ਼ਜਨਕ ਜਾਣਕਾਰੀ ਮੁਹੱਈਆ ਨਹੀਂ ਕਰਵਾਉਂਦੇ। ਗੁਰੂ ਕਾਲ ਦੌਰਾਨ ਉਦਾਸੀ, ਨਿਰਮਲੇ, ਸੇਵਾਪੰਥੀ, ਸਿੱਖ ਸੰਪਰਦਾਵਾਂ/ਟਕਸਾਲਾਂ ਸਮੇਤ ਅਨੇਕ ਪੰਥਕ ਧਿਰਾਂ, ਸਿੰਧ 'ਚ ਵੱਖ-ਵੱਖ ਅਸਥਾਨਾਂ ਜਿਵੇਂ ਸੱਖਰ, ਭੱਖਰ, ਸ਼ਿਕਾਰਪੁਰ, ਹੈਦਰਾਬਾਦ, ਠੱਟਾ, ਕਰਾਚੀ ਆਦਿ ਥਾਵਾਂ ਉੱਤੇ ਸਿੰਧੀ ਨਾਨਕਪੰਥੀਆਂ 'ਚ ਸਿੱਖੀ ਦੀ ਖ਼ਸ਼ਬੂ ਫੈਲਾਉਂਦੇ ਰਹੇ। ਅੰਗਰੇਜ਼ੀ ਬਸਤੀਵਾਦ ਦੌਰਾਨ ਸਿੰਘ ਸਭਾ ਲਹਿਰ ਵੇਲੇ ਚੀਫ਼ ਖ਼ਾਲਸਾ ਦੀਵਾਨ, ਭਾਈ ਵੀਰ ਸਿੰਘ ਜੀ, ਸੰਤ ਬਾਬਾ ਥਾਹਰਿਆ ਸਿੰਘ ਜੀ, ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ, ਸੰਤ ਗੁਰਮੁਖ ਸਿੰਘ ਜੀ ਪਟਿਆਲਾ, ਬਾਬਾ ਬੁੱਢਾ ਸਿੰਘ ਜੀ ਨਿਰਮਲੇ ਅਤੇ ਅਨੇਕਾਂ ਉਦਾਸੀ ਮਹਾਂਪੁਰਖਾਂ ਵਲੋਂ ਸਿੰਧੀ ਸੰਗਤਾਂ 'ਚ ਵਿਚਰਦੇ ਹੋਇਆ ਸਿੱਖੀ ਦਾ ਪ੍ਰਸਾਰ ਵੱਡੀ ਪੱਧਰ 'ਤੇ ਹੋਇਆ।

ਇਹ ਤੱਥ ਵਿਸ਼ੇਸ਼ ਰੂਪ 'ਚ ਧਿਆਨ ਦੇਣਯੋਗ ਹੈ ਕਿ 1947 ਦੇ ਬਟਵਾਰੇ ਅਤੇ ਉਜਾੜੇ ਨੇ ਪੰਜਾਬੀਆਂ ਅਤੇ ਸਿੰਧੀਆਂ ਵਿਚਕਾਰ ਭੂਗੋਲਿਕ, ਸੱਭਿਆਚਾਰਕ ਅਤੇ ਧਾਰਮਿਕ ਪੱਖੋਂ ਬਹੁਤ ਵੱਡੀਆਂ ਦੂਰੀਆਂ ਸਿਰਜ ਦਿੱਤੀਆਂ। ਇਹ ਇਕ ਵੱਡੀ ਵਜ੍ਹਾ ਬਣੀ ਕਿ ਸਿੰਧੀ ਭਾਈਚਾਰਾ, ਸਿੱਖੀ ਦੇ ਰਵਾਇਤੀ ਧਰਮ-ਕੇਂਦਰਾਂ ਅਤੇ ਮਾਨਤਾਵਾਂ ਤੋਂ ਦੂਰ ਰਹਿ ਗਿਆ। ਸੰਤਾਲੀ ਦੇ ਬਟਵਾਰੇ ਅਤੇ ਉਜਾੜੇ ਤੋਂ ਬਾਅਦ ਵੱਡੀਆਂ ਪੰਥਕ ਸੰਸਥਾਵਾਂ ਨੇ ਸਿੰਧੀ ਨਾਨਕਪੰਥੀਆਂ ਦੀ ਸਾਰ ਵੀ ਨਹੀਂ ਲਈ, ਜਿਸ ਕਰਕੇ ਇਨ੍ਹਾਂ 'ਚੋਂ ਕਾਫੀ ਗਿਣਤੀ ਦਾ ਝੁਕਾਅ ਹੌਲੀ-ਹੌਲੀ ਸਨਾਤਨੀ ਪਰੰਪਰਾ ਵੱਲ ਵਧਣ ਲੱਗਾ। ਖ਼ਾਸ ਕਰਕੇ ਪਿਛਲੇ ਸੱਤ-ਅੱਠ ਦਹਾਕਿਆਂ ਤੋਂ ਪੈ ਰਹੀਆਂ ਦਰਾੜਾਂ ਨੇ ਦੋਵੇਂ ਸਮਾਜਾਂ ਦੀ ਸਾਂਝ ਨੂੰ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਮਰਹੂਮ ਜਥੇਦਾਰ ਗਿਆਨੀ ਫੌਜਾ ਸਿੰਘ ਜੀ ਤੋਂ ਬਾਅਦ ਸਰਦਾਰ ਸੁਖਦੇਵ ਸਿੰਘ ਜੀ ਲਾਜ ਵਰਗੀਆਂ ਪੰਥਪ੍ਰਸਤ ਸ਼ਖ਼ਸੀਅਤਾਂ ਅਤੇ ਕੁਝ ਸੰਸਥਾਵਾਂ ਦੇ ਉਪਰਾਲੇ ਨਾਲ ਪਿਛਲੇ ਦੋ ਕੁ ਦਹਾਕਿਆਂ ਤੋਂ ਨਾਨਕਪੰਥੀਆਂ ਬਾਰੇ ਸਿੱਖ ਪੰਥ 'ਚ ਕੁਝ ਚੇਤਨਾ ਵਧ ਰਹੀ ਹੈ। ਸਿਕਲੀਗਰਾਂ ਅਤੇ ਵਣਜਾਰਿਆਂ ਦੀਆਂ ਬਸਤੀਆਂ 'ਚ ਸਥਾਨਕ ਪੱਧਰਾਂ ਉੱਪਰ ਕਈ ਥਾਵਾਂ ਉੱਤੇ ਕੁਝ ਸੇਵਾ ਕਾਰਜ ਸ਼ੁਰੂ ਹੋਏ ਹਨ, ਜਿਨ੍ਹਾਂ ਦੀ ਪੁਰਜ਼ੋਰ ਸਰਾਹਣਾ ਕਰਨੀ ਬਣਦੀ ਹੈ, ਪਰੰਤੂ ਇਸ ਦੇ ਬਾਵਜੂਦ ਅਜੇ ਬਹੁਤ ਕੁਝ ਕਰਨਾ ਲੋੜੀਂਦਾ ਹੈ।

ਸ਼ਹਿਡੋਲ 'ਚ ਵਾਪਰੀ ਉਪਰੋਕਤ ਘਟਨਾ ਤੋਂ ਬਾਅਦ ਜੋ ਕੁਝ ਵੀ ਹੋ ਰਿਹਾ ਹੈ, ਉਹ ਬਹੁਤ ਵੱਡੇ ਪ੍ਰਸ਼ਨਾਂ ਦੇ ਘੇਰੇ 'ਚ ਹੈ। ਬਿਨਾਂ ਸ਼ੱਕ ਇਹ ਘਟਨਾ ਸਿੱਖੀ ਮਾਨਤਾਵਾਂ ਦੇ ਵਿਰੁੱਧ ਹੈ, ਜਿਸ ਬਾਰੇ ਬਹੁਤ ਸੁਚੇਤਤਾ ਅਤੇ ਚੌਕਸੀ ਦੀ ਲੋੜ ਹੈ। ਪਰੰਤੂ ਇਹ ਬਿਲਕੁਲ ਵੀ ਠੀਕ ਨਹੀਂ ਕਿ ਸਿੰਧੀ ਭਾਈਚਾਰੇ ਨੂੰ ਜ਼ਿੰਮੇਵਾਰ ਠਹਿਰਾ ਕੇ ਸਿੱਖ ਪੰਥ ਦੇ ਬਾਕੀ ਹਿੱਸੇ ਜਾਂ ਧਿਰਾਂ ਆਪਣੇ ਆਪ ਨੂੰ ਸੁਰਖਰੂ ਸਮਝ ਲੈਣ। ਅਗਿਆਨਤਾ ਦੇ ਚੱਲਦਿਆਂ ਸਿੰਧੀ ਭਾਈਚਾਰੇ ਦੇ ਕਿਸੇ ਮੈਂਬਰ ਵਲੋਂ ਜੇਕਰ ਅਨਜਾਣੇ 'ਚ ਗਲਤੀ ਹੋ ਗਈ ਹੈ ਤਾਂ ਉਸ ਤੋਂ ਸੰਬੰਧਿਤ ਭਾਈਚਾਰੇ ਦੀ ਗਿਆਨਹੀਣਤਾ ਸਪੱਸ਼ਟ ਝਲਕਦੀ ਹੈ, ਪਰੰਤੂ ਉਸ ਤੋਂ ਬਾਅਦ ਪ੍ਰਤੀਕਰਮ ਵਜੋਂ ਜੋ ਕੁਝ ਵੀ ਹੋਇਆ ਜਾਂ ਹੋ ਰਿਹਾ ਹੈ, ਉਹ ਸਾਡੇ ਮਹਾਂ-ਅਗਿਆਨੀ ਹੋਣ ਦਾ ਸਬੂਤ ਬਣ ਰਿਹਾ ਹੈ। ਹਰ ਕੋਈ ਜਣਾ-ਖਣਾ ਆਪਣੇ ਆਪ ਨੂੰ ਸੰਵੇਦਨਸ਼ੀਲ ਮਸਲਿਆਂ ਨੂੰ ਨਜਿੱਠਣ ਅਤੇ ਬਿਆਨਬਾਜ਼ੀ ਕਰਨ ਦਾ ਅਧਿਕਾਰੀ ਸਮਝ ਰਿਹਾ ਹੈ ਜੋ ਕਿ ਬਹੁਤ ਖ਼ਤਰਨਾਕ ਰੁਝਾਨ ਹੈ। ਸੋਸ਼ਲ ਮੀਡੀਆ ਦੇ ਅਜੋਕੇ ਭੰਬਲਭੂਸੇ ਵਾਲੇ ਜ਼ਮਾਨੇ 'ਚ ਜਦੋਂ ਕੋਈ ਰੋਕਣ-ਟੋਕਣ ਵਾਲਾ ਕੁੰਡਾ ਨਾ ਹੋਵੇ; ਸਹੀ ਮਾਰਗਦਰਸ਼ਨ ਕਰਨ ਵਾਲਾ ਨਾ ਲੱਭੇ ਤਾਂ ਅਜਿਹੇ ਪ੍ਰਤੀਕਰਮਾਂ ਸਦਕਾ ਹੋਣ ਵਾਲੇ ਵੱਡੇ ਕੌਮੀ ਨੁਕਸਾਨਾਂ ਅਤੇ ਦੁਰਦਸ਼ਾ ਨੂੰ ਰੋਕਿਆ ਨਹੀਂ ਜਾ ਸਕਦਾ।

ਸੋ ਸਿੱਖ ਪੰਥ ਦੇ ਵਾਰਸੋ! ਜਾਗੋ! ਜਾਗਣ ਦਾ ਵੇਲਾ ਹੈ। ਵਰਤ ਰਹੇ ਵਰਤਾਰਿਆਂ ਨੂੰ ਠੱਲ੍ਹ ਨਾ ਪਈ ਤਾਂ ਏਡੇ ਵੱਡੇ ਨੁਕਸਾਨਾਂ ਦੇ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਚੁੱਕੀਆਂ ਹਨ ਕਿ ਆਉਣ ਵਾਲੀਆਂ ਨਸਲਾਂ ਸਾਨੂੰ ਮੁਆਫ਼ ਨਹੀਂ ਕਰਨਗੀਆਂ। ਅਜੋਕੇ ਹਾਲਾਤ ਦੇ ਮੱਦੇਨਜ਼ਰ ਇਹ ਕਹਿਣਾ ਗਲਤ ਨਹੀਂ ਕਿ ਬਹੁਤ ਵੱਡੇ ਨੁਕਸਾਨ ਕਰਵਾ ਕੇ ਜਦੋਂ ਤੱਕ ਸਾਨੂੰ ਥੋੜ੍ਹੀ ਬਹੁਤ ਸੁਰਤ ਆਉਂਦੀ ਹੈ, ਉਦੋਂ ਤੱਕ ਵੇਲਾ ਵਿਹਾਅ ਚੁੱਕਿਆ ਹੁੰਦਾ ਹੈ। ਵਿਚਾਰ-ਅਧੀਨ ਮਾੜੀਆਂ ਘਟਨਾਵਾਂ ਦੇ ਮੱਦੇਨਜ਼ਰ ਸਪੱਸ਼ਟ ਹੁੰਦਾ ਹੈ ਕਿ ਪਿਛਲੇ ਸਾਲ ਦੇ ਸ਼ੁਰੂ 'ਚ ਵਾਪਰੀ ਇੰਦੌਰ ਘਟਨਾ ਤੋਂ ਅਸੀਂ ਕੁਝ ਵੀ ਨਹੀਂ ਸਿੱਖ ਸਕੇ। ਪੜਤਾਲਾਂ ਲਈ ਸਬ-ਕਮੇਟੀਆਂ ਬਣਦੀਆਂ ਹਨ ਪਰ ਉਨ੍ਹਾਂ ਦੀਆਂ ਸਿਫਾਰਸ਼ਾਂ ਉਪਰ ਅਮਲ ਕਦੇ ਨਹੀਂ ਹੁੰਦਾ। ਵਿਚਾਰਵਾਨਾਂ ਦੀਆਂ ਰਾਵਾਂ-ਸੁਝਾਵਾਂ ਉੱਤੇ ਬਿਲਕੁਲ ਵੀ ਕੰਨ ਨਹੀਂ ਧਰੇ ਜਾਂਦੇ ਬਲਕਿ ਇਨ੍ਹਾਂ ਨੂੰ ਰੱਜ ਕੇ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਸ ਲਈ ਪੰਥ ਦੀਆਂ ਸੁਹਿਰਦ ਧਿਰਾਂ ਅਤੇ ਸ਼ਖ਼ਸੀਅਤਾਂ ਵਲੋਂ ਬਿਨਾਂ ਦੇਰੀ ਆਤਮ-ਮੰਥਨ ਦੀ ਪ੍ਰਕਿਰਿਆ 'ਚ ਪੈ ਕੇ ਠੋਸ ਅਤੇ ਦੂਰਅੰਦੇਸ਼ ਵਿਉਂਤਬੰਦੀ ਕਰਨਾ ਸਮੇਂ ਦੀ ਲੋੜ ਬਣ ਚੁੱਕਾ ਹੈ।

## ਕੀ ਕੀਤਾ ਜਾਵੇ?

1. ਸਿੰਧੀ ਭਾਈਚਾਰੇ ਸਮੇਤ ਨਾਨਕਪੰਥੀ ਸੰਗਤਾਂ ਅਤੇ ਕਬੀਲਿਆਂ 'ਚ ਜਿੱਥੇ-ਜਿੱਥੇ ਵੀ ਕਦੀ ਸਿੱਖੀ ਦੀ ਖ਼ਸ਼ਬੂ ਮਹਿਕਦੀ ਸੀ, ਉਨ੍ਹਾਂ ਨੂੰ ਸਿੱਖ ਪੰਥ ਦੀ ਮੁੱਖਧਾਰਾ ਨਾਲ ਜੋੜਨ ਲਈ ਵੱਡੇ ਉਪਰਾਲਿਆਂ ਦੀ ਲੋੜ ਹੈ। ਇਨ੍ਹਾਂ ਵਰਗਾਂ ਦੇ ਇਤਿਹਾਸ ਅਤੇ ਪਰੰਪਰਾਵਾਂ ਨੂੰ ਘੋਖਣ ਉਪਰੰਤ ਗੰਭੀਰ ਨਜ਼ਰਸਾਨੀ ਕਰਦਿਆਂ ਮੁੱਖਧਾਰਾ ਦੇ ਸਿੱਖਾਂ ਤੋਂ ਬਿਲਕੁਲ ਵੱਖਰੀ ਅਤੇ ਨਿਵੇਕਲੀ ਵਿਉਂਤਬੰਦੀ ਕੀਤੀ ਜਾਵੇ।

2. ਸੰਬੰਧਤ ਧਿਰਾਂ ਅਰਥਾਤ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਤੋਂ ਇਲਾਵਾ ਸਿੱਖ ਵਿਚਾਰਵਾਨਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਨਾਨਕਪੰਥੀ ਸ਼ਖ਼ਸੀਅਤਾਂ (ਜਿਵੇਂ ਉਦਾਸੀਆਂ, ਨਿਰਮਲਿਆਂ, ਸੇਵਾਪੰਥੀਆਂ, ਸਿੰਧੀਆਂ, ਸਿਕਲੀਗਰਾਂ, ਵਣਜਾਰਿਆਂ ਆਦਿ) ਦੀ ਇਕ ਸਾਂਝੀ ਪੰਥਕ ਪੱਧਰੀ ਤਾਲਮੇਲ/ਸਲਾਹਕਾਰ ਕਮੇਟੀ ਬਣੇ ਜੋ ਕਿਸੇ ਵੀ ਮਸਲੇ/ਸਮੱਸਿਆ ਬਾਰੇ ਆਪਣੀ ਵਡਮੁੱਲੀ ਰਾਏ ਦੇ ਕੇ ਲੋੜੀਂਦਾ ਅਮਲ ਕਰਵਾਉਣ ਲਈ ਅਧਿਕਾਰਤ ਹੋਵੇ। ਇਹ ਕਮੇਟੀ ਸੰਬੰਧਿਤ ਭਾਈਚਾਰਿਆਂ 'ਚ ਲਗਾਤਾਰ ਨਿਗਰਾਨੀ ਵੀ ਰੱਖੇ ਅਤੇ ਉਨ੍ਹਾਂ ਦੇ ਨਿਰੰਤਰ ਸੰਪਰਕ 'ਚ ਰਹੇ।

3. ਪੰਜਾਬ ਤੋਂ ਬਾਹਰ ਭਾਰਤ ਦੇ ਵੱਖ-ਵੱਖ ਰਾਜਾਂ 'ਚ ਕਰੋੜਾਂ ਦੀ ਗਿਣਤੀ 'ਚ ਵਸ ਰਹੇ ਇਨ੍ਹਾਂ ਨਾਨਕਪੰਥੀਆਂ ਦੇ ਵਸੇਬਿਆਂ/ਬਸਤੀਆਂ 'ਚ ਸਥਾਨਕ ਪੱਧਰ ਉਤੇ ਹਫ਼ਤਾਵਾਰੀ/ਮਹੀਨਾਵਾਰ ਛੋਟੇ-ਛੋਟੇ ਧਾਰਮਿਕ/ਸੰਗਤੀ ਸਮਾਗਮ ਕੀਤੇ ਜਾਣ, ਜਿਨ੍ਹਾਂ 'ਚ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੀ ਹੋਵੇ; ਹੋਰ ਕੋਈ ਵੀ ਸਟੇਜੀ ਪ੍ਰਚਾਰ ਵਰਗੀ ਗਤੀਵਿਧੀ ਨਾ ਹੋਵੇ। ਥਾਂ-ਥਾਂ ਗੁਰਮੁਖੀ ਸਕੂਲ ਖੋਲ੍ਹ ਕੇ ਗੁਰਮੁਖੀ ਸਿੱਖਣ-ਸਿਖਾਉਣ ਦੀ ਬਾਕਾਇਦਾ ਵਿਵਸਥਾ ਹੋਵੇ।

4. ਨਾਨਕਪੰਥੀ ਕਬੀਲਿਆਂ ਦੇ ਬੱਚਿਆਂ ਨੂੰ ਵਿੱਦਿਅਕ ਅਤੇ ਰੁਜ਼ਗਾਰ ਪੱਖੋਂ ਸਵੈ-ਨਿਰਭਰ/ਸਮਰੱਥ ਬਣਾਉਣ ਲਈ ਲੰਬਾ ਸਬਰ ਰੱਖ ਕੇ ਵਿਉਂਤਬੱਧ ਤਰੀਕੇ ਨਾਲ ਵਿਹਾਰਕ ਕਾਰਜਾਂ ਨੂੰ ਵੱਡੀ ਪੱਧਰ ਉਪਰ ਅਮਲ 'ਚ ਲਿਆਂਦਾ ਜਾਵੇ।

5. ਨਾਨਕਪੰਥੀ ਸੰਗਤਾਂ ਦੀ ਲੋੜ ਅਨੁਸਾਰ ਉਨ੍ਹਾਂ ਦੀ ਬੋਲੀ ਅਤੇ ਉਨ੍ਹਾਂ ਦੇ ਮੁਹਾਵਰੇ 'ਚ ਕੁਝ ਜ਼ਰੂਰੀ ਸਿੱਖ-ਸਾਹਿਤ, (ਵੱਖ-ਵੱਖ ਭਾਸ਼ਾਵਾਂ 'ਚ) ਛੋਟੇ-ਛੋਟੇ ਟ੍ਰੈਕਟਾਂ ਦੇ ਰੂਪ 'ਚ ਛਪਵਾ ਕੇ ਵੰਡਿਆ ਜਾਵੇ।

6. ਉਪਰੋਕਤ ਕਾਰਜਾਂ ਨੂੰ ਕਰਨ ਲਈ ਕਿਸੇ ਇਕ ਧਿਰ ਜਾਂ ਸੰਸਥਾ ਦੀ ਜ਼ਿੰਮੇਵਾਰੀ ਨਾ ਸਮਝੀ ਜਾਵੇ, ਬਲਕਿ ਸਾਰੀਆਂ ਪੰਥਕ ਜਥੇਬੰਦੀਆਂ, ਸੰਸਥਾਵਾਂ ਅਤੇ ਸੰਪਰਦਾਵਾਂ ਰਲ-ਮਿਲ ਕੇ ਤਾਲਮੇਲ ਨਾਲ ਕੰਮ ਕਰਨ। ਹਰ ਸਾਲ ਘੱਟੋ-ਘੱਟ ਇਕ ਵਾਰ ਪੰਜਾਬ ਜਾਂ ਪੰਜਾਬ ਤੋਂ ਬਾਹਰ ਦੇ ਕਿਸੇ ਵੀ ਤਖ਼ਤ ਸਾਹਿਬ ਉੱਤੇ ਨਾਨਕਪੰਥੀ ਸੰਗਤਾਂ ਦਾ ਵੱਡਾ ਕੇਂਦਰੀ ਸਮਾਗਮ ਲਾਜ਼ਮੀ ਸ਼ੁਰੂ ਕੀਤਾ ਜਾਵੇ।

7. ਇਸ ਕਾਰਜ 'ਚ ਪੰਥ ਦੀਆਂ ਰਵਾਇਤੀ ਸੰਪਰਦਾਵਾਂ ਜਿਵੇਂ ਉਦਾਸੀ, ਨਿਰਮਲੇ ਅਤੇ ਸੇਵਾਪੰਥੀ ਸੰਸਥਾਵਾਂ ਨੂੰ ਉਚੇਚ ਨਾਲ ਸ਼ਾਮਿਲ ਕੀਤਾ ਜਾਵੇ, ਕਿਉਂਕਿ ਮੁੱਖਧਾਰਾ ਤੋਂ ਦੂਰ ਰਹਿ ਰਹੇ ਸਹਿਜਧਾਰੀ ਸਿੱਖਾਂ 'ਚ ਕੰਮ ਕਰਨ ਦੇ ਮਾਮਲੇ 'ਚ ਇਨ੍ਹਾਂ ਦਾ ਹੋਰਨਾਂ ਨਾਲੋਂ ਵਧੇਰੇ ਤਜਰਬਾ ਰਿਹਾ ਹੈ।

ਇਨ੍ਹਾਂ ਉਪਰੋਕਤ ਕਾਰਜਾਂ ਨੂੰ ਪੂਰੀ ਸ਼ਿੱਦਤ ਅਤੇ ਲਗਾਤਾਰਤਾ ਨਾਲ ਨਿਭਾਇਆ ਜਾਵੇ। ਦਿਲ ਦੀ ਗਹਿਰਾਈ 'ਚੋਂ ਉਠੀ ਇਹ ਦਰਦ-ਭਰੀ ਵੇਦਨਾ, ਸਿੱਖ ਪੰਥ ਦੇ ਆਗੂਆਂ ਅਤੇ ਸੰਸਥਾਵਾਂ ਅੱਗੇ ਜੋਦੜੀ ਰੂਪ 'ਚ ਰੱਖੀ ਜਾ ਰਹੀ ਹੈ। ਉਮੀਦ ਹੈ ਇਸ ਨਿਮਾਣੀ ਜਿਹੀ ਕੋਸ਼ਿਸ਼ ਨੂੰ ਗੰਭੀਰਤਾ ਅਤੇ ਸੰਜੀਦਗੀ ਨਾਲ ਲਿਆ ਜਾਵੇਗਾ। ਇਸ ਵੱਡੀ ਉਮੀਦ ਨਾਲ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸਭ ਨੂੰ ਇਸ ਧਰਮ-ਯੱਗ 'ਚ ਤਿਲ-ਫੁੱਲ ਹਿੱਸਾ ਪਾਉਣ ਦੀ ਸ਼ਕਤੀ ਅਤੇ ਸਮਰੱਥਾ ਬਖ਼ਸ਼ੇ!

-ਮੋਬਾਈਲ : 87270-77725

## ਆਧੁਨਿਕ ਪੰਜਾਬੀ ਸਾਹਿਤ ਦਾ ਉਸਰੱਈਆ

# ਭਾਈ ਵੀਰ ਸਿੰਘ



ਧਰਮਿੰਦਰ ਸਿੰਘ (ਚੱਬਾ)

**ਭਾਈ** ਸਾਹਿਬ ਭਾਈ ਵੀਰ ਸਿੰਘ ਜੀ ਦਾ ਜਨਮ 5 ਦਸੰਬਰ 1872 ਈ: ਨੂੰ ਪਿਤਾ ਡਾ: ਚਰਨ ਸਿੰਘ ਤੇ ਮਾਤਾ ਉੱਤਮ ਕੌਰ ਦੇ ਗ੍ਰਹਿ ਅੰਮ੍ਰਿਤਸਰ 'ਚ ਹੋਇਆ। ਆਪ ਆਪਣੇ ਛੇ ਭੈਣ ਭਰਾਵਾਂ 'ਚੋਂ ਸਭ ਤੋਂ ਵੱਡੇ ਸਨ। ਭਾਈ ਵੀਰ ਸਿੰਘ ਨੇ ਮੁਢਲੀ ਵਿਦਿਆ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਪਾਸੋਂ ਲਈ, ਫਿਰ ਚਰਚ ਹਾਈ ਸਕੂਲ ਅੰਮ੍ਰਿਤਸਰ ਵਿਚੋਂ ਦਸਵੀਂ ਪਾਸ ਕੀਤੀ। ਅਗਲੇਰੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਪ ਨੂੰ ਤਹਿਸੀਲਦਾਰ ਦੀ ਸਰਕਾਰੀ ਨੌਕਰੀ ਵੀ ਮਿਲਦੀ ਸੀ। ਵਜ਼ੀਰ ਹਿੰਦ ਪ੍ਰੈੱਸ ਵੀ ਸ਼ੁਰੂ ਕੀਤੀ। ਭਾਈ ਵੀਰ ਸਿੰਘ ਦਾ ਪਿਛੋਕੜ ਦੀਵਾਨ ਕੌੜਾ ਮੱਲ ਜੀ ਨਾਲ ਜਾ ਮਿਲਦਾ ਹੈ। ਦੀਵਾਨ ਕੌੜਾ ਮੱਲ ਜੀ ਇਕ ਐਸੀ ਸ਼ਖ਼ਸੀਅਤ ਸਨ, ਜੋ ਮੁਲਤਾਨ ਦੇ ਹਾਕਮਾਂ ਕੋਲ ਦੀਵਾਨ ਹੁੰਦੇ ਹੋਇਆਂ ਵੀ ਸਿੱਖਾਂ ਦੀ ਔਖੇ ਵੇਲੇ ਮਦਦ ਕਰਦੇ ਸਨ। ਇਸ ਲਈ ਇਤਿਹਾਸ ਉਨ੍ਹਾਂ ਨੂੰ 'ਮਿੱਠਾ ਮੱਲ' ਕਹਿ ਕੇ ਵੀ ਯਾਦ ਕਰਦਾ ਹੈ। ਉਸ ਵੇਲੇ ਦੀ ਹਕੂਮਤ ਵਲੋਂ ਉਨ੍ਹਾਂ ਨੂੰ 'ਮਹਾਰਾਜਾ ਬਹਾਦੁਰ' ਦਾ ਖਿਤਾਬ ਵੀ ਦਿੱਤਾ ਗਿਆ ਸੀ।

ਭਾਈ ਵੀਰ ਸਿੰਘ ਦੇ ਦਾਦਾ ਸੰਤ ਬਾਬਾ ਕਾਹਨ ਸਿੰਘ ਜੀ ਵੀ ਬੜੇ ਹੀ ਗੁਰਬਾਣੀ ਦੇ ਰਸੀਏ, ਸੰਤ ਸੁਭਾਅ ਅਤੇ ਨੇਕ ਦਿਲ ਇਨਸਾਨ ਸਨ। ਭਾਈ ਸਾਹਿਬ ਦੇ ਪਿਤਾ ਡਾ: ਚਰਨ ਸਿੰਘ ਬੜੇ ਉੱਚ ਵਿਚਾਰਾਂ ਵਾਲੇ ਵਿਦਵਾਨ ਸੱਜਣ ਸਨ। ਡਾ: ਚਰਨ ਸਿੰਘ ਹਿੰਦੀ, ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਤੇ ਬ੍ਰਿਜ ਭਾਸ਼ਾ ਦੇ ਉੱਚ ਕੋਟੀ ਦੇ ਕਵੀ ਸਨ। ਭਾਈ ਸਾਹਿਬ ਜੀ ਦੇ ਨਾਨਾ ਪੰਡਤ ਗਿਆਨੀ ਹਜ਼ਾਰਾ ਸਿੰਘ ਵੀ ਉਰਦੂ, ਫ਼ਾਰਸੀ ਦੇ ਚੰਗੇ ਜਾਣਕਾਰ ਸਨ। ਇਨ੍ਹਾਂ ਨੇ ਉਰਦੂ ਤੇ ਫ਼ਾਰਸੀ ਦੀਆਂ ਕਿਤਾਬਾਂ ਦਾ ਪੰਜਾਬੀ 'ਚ ਅਨੁਵਾਦ ਕੀਤਾ। ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸੰਖੇਪ ਵੀ ਛਾਪਿਆ। ਭਾਈ ਵੀਰ ਸਿੰਘ ਜੀ ਦਾ ਪਿਛੋਕੜ ਤੇ ਉਨ੍ਹਾਂ ਦਾ ਆਲਾ-ਦੁਆਲਾ ਧਾਰਮਿਕ ਤੇ ਵਿਦਵਾਨ ਲੋਕਾਂ ਦਾ ਸੀ।

ਭਾਈ ਵੀਰ ਸਿੰਘ ਲਿਖਦੇ ਹਨ ਕਿ: 'ਮੈਂ ਜੋ ਕੁਝ ਲਿਖਿਆ ਹੈ, ਉਹ ਜੋ ਕੁਝ ਮੈਂ ਸਤਿਗੁਰਾਂ ਦੀ ਮਹਾਨ ਪਵਿੱਤਰ ਬਾਣੀ ਤੋਂ ਸਮਝਿਆ ਹੈ, ਸੱਚਾ ਤੇ ਸਿੱਧਾ ਰਸਤਾ ਜੀਵਨ ਪੱਧਰ ਦਾ ਉਸੇ ਨੂੰ ਦੁਖੀ ਜਗਤ ਲਈ ਪੇਸ਼ ਕਰਨ ਦਾ ਯਤਨ ਕਰਦਾ ਰਿਹਾ ਹਾਂ। ਭਾਈ ਵੀਰ ਸਿੰਘ ਨੇ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਤੋਂ ਬਹੁਤ ਸਿੱਖਿਆ। ਉਨ੍ਹਾਂ ਨਾਲ ਉਰਦੂ, ਫ਼ਾਰਸੀ ਦੀਆਂ ਕਈ ਕਿਤਾਬਾਂ ਦੇ ਪੰਜਾਬੀ 'ਚ ਉਲੱਥੇ ਵੀ ਕੀਤੇ। ਕੁਝ ਉਲੱਥੇ ਇਕੱਲਿਆਂ ਵੀ ਕੀਤੇ। ਇਕ ਦਿਨ ਭਾਈ ਸਾਹਿਬ ਨੇ ਆਪਣੇ ਨਾਨਾ ਜੀ ਨੂੰ ਕਹਿ ਦਿੱਤਾ ਕਿ 'ਤੁਸੀਂ ਲੋਕਾਂ ਦੀਆਂ ਰਚਨਾਵਾਂ ਦੇ ਉਲੱਥੇ ਕਰਦੇ ਹੋ, ਆਪਣੇ ਅੰਦਰੋਂ ਨਵੀਂ ਰਚਨਾ ਕਿਉਂ ਨਹੀਂ ਲਿਖਦੇ? ਤਾਂ ਉਹ ਕਹਿਣ ਲੱਗੇ ਕਿ 'ਪੁੱਤਰਾ, ਮੈਂ ਤਾਂ ਨਹੀਂ ਲਿਖ ਸਕਿਆ, ਪਰ ਤੂੰ ਜ਼ਰੂਰ ਲਿਖੇਂਗਾ'। ਭਾਈ ਵੀਰ ਸਿੰਘ ਨੇ ਇਹ ਬਚਨ ਸੱਚ ਕਰ ਦਿਖਾਇਆ।


ਭਾਈ ਸਾਹਿਬ ਨੇ ਸ਼ੁਰੂ 'ਚ ਨਿਰਗੁਣਿਆਰਾ 'ਚ ਲਿਖਣਾ ਸ਼ੁਰੂ ਕੀਤਾ। ਫਿਰ 'ਖ਼ਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ। ਬਹੁਤ ਸਾਹਿਤ ਰਚਿਆ। ਕਈ ਕਿਤਾਬਾਂ ਸਿੱਖ ਜਗਤ ਦੀ ਝੋਲੀ ਪਾਈਆਂ, ਜਿਨ੍ਹਾਂ 'ਚ ਨਾਵਲ, ਗਲਪ, ਸਿੱਖ ਇਤਿਹਾਸ ਤੇ ਕਾਵਿ-ਸੰਗ੍ਰਹਿ ਪ੍ਰਮੁੱਖ ਹਨ। ਭਾਈ ਵੀਰ ਸਿੰਘ ਦੁਆਰਾ ਰਚਿਆ ਸਾਹਿਤ ਇਸ ਪ੍ਰਕਾਰ ਹੈ: ਸੁੰਦਰੀ-ਗਲਪ, ਬਿਜੈ ਸਿੰਘ-ਗਲਪ, ਸਤਵੰਤ ਕੌਰ-ਦੋ ਭਾਗ ਗਲਪ, ਸੱਤ ਔਖੀਆਂ ਰਾਤਾਂ-ਗਲਪ, ਬਾਬਾ ਨੌਧ ਸਿੰਘ-ਗਲਪ, ਰਾਣਾ ਭੰਬੋਰ-ਗਲਪ, ਦਿਲ ਤਰੰਗ-ਕਾਵਿ ਸੰਗ੍ਰਹਿ, ਤ੍ਰੇਲ ਤੁਪਕੇ-ਕਾਵਿ ਸੰਗ੍ਰਹਿ, ਲਹਿਰਾਂ ਦੇ ਹਾਰ-ਕਾਵਿ ਸੰਗ੍ਰਹਿ, ਮਟਕ ਹੁਲਾਰੇ-ਕਾਵਿ ਸੰਗ੍ਰਹਿ, ਬਿਜਲੀਆਂ ਦੇ ਹਾਰ-ਕਾਵਿ ਸੰਗ੍ਰਹਿ, ਪ੍ਰੀਤ ਵੀਣਾਂ-ਕਾਵਿ ਸੰਗ੍ਰਹਿ, ਮੇਰੇ ਸਾਂਈਆਂ ਜੀਉ-ਕਾਵਿ ਸੰਗ੍ਰਹਿ, ਸ੍ਰੀ ਕਲਗੀਧਰ ਚਮਤਕਾਰ, ਸ੍ਰੀ ਗੁਰੂ ਨਾਨਕ ਚਮਤਕਾਰ, ਭਾਈ ਝੰਡਾ ਜੀਉ, ਭਾਈ ਭੂਮੀਆ, ਕਲਯੁਗ ਦੀ ਸਾਖੀ, ਸੰਤ ਗਾਥਾ, ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-1, ਸ੍ਰੀ ਗੁਰ ਅਸ਼ਟ ਚਮਤਕਾਰ ਭਾਗ-2, ਗੁਰ ਸਿੱਖਵਾੜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਗੁਰ ਬਾਲਮ ਸਾਖੀਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਗੁਰ ਬਾਲਮ ਸਾਖੀਆਂ, ਸਿੱਖਾਂ ਦੀ ਭਗਤਮਾਲਾ, ਪ੍ਰਾਚੀਨ ਪੰਥ ਪ੍ਰਕਾਸ਼, ਗੰਜ਼ਨਾਮਾ ਸਟੀਕ, ਸ੍ਰੀ ਗੁਰੂ ਗ੍ਰੰਥ ਕੋਸ਼, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਦੇਵੀ ਪੂਜਨ ਪੜਤਾਲ, ਪੰਜ ਗ੍ਰੰਥੀ ਸਟੀਕ, ਕਬਿੱਤ ਭਾਈ ਗੁਰਦਾਸ ਜੀ, ਵਾਰਾਂ ਭਾਈ ਗੁਰਦਾਸ ਜੀ, ਬੁੱਧ-ਜਨ, ਸਾਖੀ ਪੋਥੀ ਤੇ ਪੁਰਾਤਨ ਜਨਮ ਸਾਖੀ ਆਦਿ ਹੋਰ ਵੀ ਬਹੁਤ ਸਾਹਿਤ ਸਿੱਖ ਜਗਤ ਦੀ ਝੋਲੀ ਪਾਈਆਂ।

ਡਾ: ਦੀਵਾਨ ਸਿੰਘ, ਭਾਈ ਵੀਰ ਸਿੰਘ ਬਾਰੇ ਲਿਖਦਾ ਹੈ ਕਿ 'ਪੰਜਾਬੀ 'ਚ ਭਾਈ ਵੀਰ ਸਿੰਘ ਕੁਦਰਤ ਦੀ ਕਵਿਤਾ ਦਾ ਮੋਢੀ ਹੈ। ਉਸ ਦਾ ਕੁਦਰਤ ਨਾਲ ਅਥਾਹ ਪਿਆਰ ਹੈ। ਕੁਦਰਤ ਨੂੰ ਮਨੁੱਖੀ ਜੀਵਨ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਮਨੁੱਖੀ ਜੀਵਨ ਲਈ ਇਹ ਇਕ ਪ੍ਰਭੂ ਦਾ ਰਚਿਆ ਹੋਇਆ ਬਾਹਰ ਮੁਖੀ ਪਿਛੋਕੜ ਹੈ, ਜਿਸ 'ਚ ਮਨੁੱਖੀ ਹਿਰਦੇ ਨੂੰ ਟੁੰਬਣ ਵਾਲੇ ਸਾਧਨ, ਸੁੰਦਰਤਾ, ਸੁਹਜ, ਰਸ, ਅਨੰਦ, ਸਰੂਰ, ਸੰਗਤਿ ਆਦਿ ਦਾ ਇਕ ਅਗੰਮੀ ਪ੍ਰਕਾਸ਼ ਹੈ। ਕੁਦਰਤ ਦਾ ਖੇੜਾ ਰੱਬ ਦੀ ਰੱਬਤਾ ਦਾ ਜਲਵਾ ਹੈ। ਕਵੀ ਦਾ ਅੰਦਰਲਾ ਰਹੱਸਵਾਦ ਇਸ 'ਚ ਵਿਸਮਾਦ ਜਨਕ ਸੁਨੇਹਾ ਲੱਭਦਾ ਹੈ।' ਹਰਬੰਸ ਸਿੰਘ, ਭਾਈ ਵੀਰ ਸਿੰਘ ਬਾਰੇ ਲਿਖਦੇ ਹਨ ਕਿ ਉਨ੍ਹਾਂ ਬਾਰੇ ਦੋ ਟੁੱਕ ਫ਼ੈਸਲਾ ਕਰਨਾ ਮੁਸ਼ਕਿਲ ਹੈ ਕਿ ਉਹ ਨਿਪੁੰਨ ਵਿਦਵਾਨ ਕਵੀ ਸਨ ਜਾਂ ਕਾਵਿ ਮਿਸ਼ਰਿਤ ਗਿਆਨ ਦੇ ਭਰਪੂਰ ਖ਼ਜ਼ਾਨੇ। ਉਨ੍ਹਾਂ ਨੇ ਕਾਵਿ ਰਚਨਾ ਅਤੇ ਗਿਆਨ ਭਰਪੂਰ ਰਚਨਾਵਾਂ ਦੀ ਸਿਰਜਣਾ, ਉਸ ਨੇ ਉਮਰ ਭਰ ਕੀਤੀ। ਪੰਜਾਬੀ ਕਾਵਿ ਪਰੰਪਰਾ 'ਚ ਉਸ ਦੇ ਸਥਾਨ ਨੂੰ ਕੋਈ ਵੰਗਾਰ ਨਹੀਂ ਸਕਦਾ।

ਭਾਈ ਸਾਹਿਬ ਨੂੰ ਸੰਨ 1955 'ਚ ਸਾਹਿਤਕ ਅਕੈਡਮੀ ਐਵਾਰਡ ਅਤੇ ਸੰਨ 1956 'ਚ 'ਪਦਮ ਵਿਭੂਸ਼ਣ' ਦੇ ਕੇ ਸਨਮਾਨਿਆ ਗਿਆ। ਭਾਈ ਵੀਰ ਸਿੰਘ ਜੀ ਦੀ ਉਮਰ ਵਡੇਰੀ ਹੋ ਗਈ ਸੀ। ਹੁਣ ਸਰੀਰ ਕਮਜ਼ੋਰ ਰਹਿਣ ਲੱਗਿਆ ਸੀ। ਬੁਖ਼ਾਰ ਚੜ੍ਹਿਆ ਰਹਿੰਦਾ ਸੀ। ਅੰਤ 10 ਜੂਨ, 1957 ਈ: ਨੂੰ 84 ਸਾਲ 6 ਮਹੀਨੇ ਤੇ 5 ਦਿਨ ਦੀ ਧੁਰੋਂ ਬਖ਼ਸ਼ੀ ਆਯੂ ਭੋਗ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ।

-ਪਿੰਡ ਤੇ ਡਾਕ: ਚੱਬਾ, ਤਰਨ ਤਾਰਨ ਰੋਡ, ਅੰਮ੍ਰਿਤਸਰ।
ਈਮੇਲ:dharmindersinghchabba@gmail.com

# ਗੁਰਮਤਿ ਵਿਚ ਪਹਿਰਾਵੇ ਦਾ ਮਹੱਤਵ





ਤਲਵਿੰਦਰ ਸਿੰਘ ਬੁੱਟਰ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਸਮਾਜ ਦਾ ਆਧਾਰ ਨੈਤਿਕ-ਕਦਰਾਂ ਕੀਮਤਾਂ ਹੁੰਦੀਆਂ ਹਨ। ਜਦੋਂ ਸਮਾਜ ਆਪਣੀ ਮਰਿਆਦਾ ਤੋਂ ਦੂਰ ਜਾਣ ਲੱਗੇ ਤਾਂ ਅਨੈਤਿਕਤਾ ਜਨਮ ਲੈਂਦੀ ਹੈ। ਇਸੇ ਕਾਰਨ ਆਖਿਆ ਜਾਂਦਾ ਹੈ ਕਿ ਬੇਮੁਹਾਰੀ ਆਜ਼ਾਦੀ ਸਮਾਜ ਨੂੰ ਗ਼ਲਤ ਦਿਸ਼ਾ ਵੱਲ ਲੈ ਜਾਂਦੀ ਹੈ। ਭਾਵ ਕਿ ਸਮਾਜ 'ਚ ਵਿਚਰਦਿਆਂ ਮਨੁੱਖ ਦੀ ਆਜ਼ਾਦੀ ਦੀ ਇਕ ਨਿਰਧਾਰਿਤ ਸੀਮਾ ਵੀ ਹੁੰਦੀ ਹੈ। ਸ਼ਰਮ ਅਤੇ ਧਰਮ, ਸਮਾਜ ਨੂੰ ਸੁਚਾਰੂ ਰੂਪ 'ਚ ਚਲਾਉਣ ਲਈ ਬੇਹੱਦ ਜ਼ਰੂਰੀ ਦੋ ਥੰਮ੍ਹ ਹਨ। ਇਸੇ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਪੰਦ੍ਰਵੀਂ ਸਦੀ 'ਚ ਸਮਾਜ 'ਚ ਆਈ ਗਿਰਾਵਟ ਦੀ ਨਿਸ਼ਾਨਦੇਹੀ ਕਰਦਿਆਂ ਫ਼ਰਮਾਉਂਦੇ ਹਨ:

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ (ਅੰਗ: 722)

ਅੱਜ ਅਸੀਂ ਇੱਕੀਵੀਂ ਸਦੀ 'ਚ ਵਿਚਰ ਰਹੇ ਹਾਂ, ਜਦੋਂ ਸਮੁੱਚਾ ਸੰਸਾਰ, ਹੱਦਾਂ-ਸਰਹੱਦਾਂ ਅਤੇ ਸਮੁੰਦਰਾਂ ਦੀਆਂ ਦੂਰੀਆਂ ਮਿਟਾ ਕੇ ਇਕ 'ਆਲਮੀ ਪਿੰਡ' ਦਾ ਰੂਪ ਲੈਂਦਾ ਜਾ ਰਿਹਾ ਹੈ। ਇਸ ਦੇ ਕਾਰਨ ਵੱਖ-ਵੱਖ ਸਮਾਜ ਅਤੇ ਸੱਭਿਆਚਾਰ ਮਿਲ ਕੇ ਬਹੁ-ਸੱਭਿਆਚਾਰੀ ਸਮਾਜ ਦੀ ਸਿਰਜਣਾ ਕਰ ਰਹੇ ਹਨ। ਇਸ ਦੌਰਾਨ ਜਿਥੇ ਮਨੁੱਖ ਦਾ ਦਾਇਰਾ ਵਿਸ਼ਾਲ ਹੋਇਆ ਅਤੇ ਵਪਾਰ ਦਾ ਖੇਤਰ ਵਧਿਆ ਹੈ, ਉਥੇ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਕਾਰਨ ਪੂਰਬੀ ਸੱਭਿਆਚਾਰ, ਜੋ ਕਿ ਸ਼ਰਮ ਅਤੇ ਧਰਮ ਦੀ ਮਰਿਆਦਾ 'ਤੇ ਆਧਾਰਿਤ ਹਨ, ਖ਼ਾਸੇ ਪ੍ਰਭਾਵਿਤ ਹੋਏ ਹਨ।

ਨਿਰਸੰਦੇਹ ਪੱਛਮੀ ਸਮਾਜ ਦੀਆਂ ਬਹੁਤ ਸਾਰੀਆਂ ਕਦਰਾਂ-ਕੀਮਤਾਂ ਚੰਗੀਆਂ ਵੀ ਹਨ, ਜਿਵੇਂ ਕਿ ਸੱਚ ਬੋਲਣਾ, ਇਮਾਨਦਾਰੀ, ਆਪਣੇ ਕੰਮ ਪ੍ਰਤੀ ਸਮਰਪਣ ਭਾਵਨਾ ਅਤੇ ਅਗਾਂਹਵਧੂ ਸੋਚ, ਪਰ ਕੁਝ ਰਿਵਾਜ ਅਜਿਹੇ ਵੀ ਹਨ, ਜੋ ਮਨੁੱਖੀ ਸ਼ਾਲੀਨਤਾ ਤੇ ਸਹਿਜ ਨੂੰ ਭੰਗ ਕਰਨ ਵਾਲੇ ਹਨ ਅਤੇ ਪੱਛਮੀ ਸਮਾਜ ਵੀ ਉਨ੍ਹਾਂ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਹੈ। ਇਸ ਦੇ ਉਲਟ ਪੂਰਬੀ ਸਮਾਜ, ਪੱਛਮ ਦੇ ਚੰਗੇ ਗੁਣਾਂ ਨੂੰ ਅਪਣਾਉਣ ਦੀ ਬਜਾਇ ਉਸ ਦੇ ਮਾੜੇ ਰਿਵਾਜਾਂ ਨੂੰ ਅਪਣਾਉਣ ਨੂੰ ਆਧੁਨਿਕ ਹੋਣ ਦੀ ਨਿਸ਼ਾਨੀ ਸਮਝੀ ਬੈਠਾ ਹੈ, ਜਿਸ ਨੇ ਸਾਡੇ ਸਮਾਜ ਅੰਦਰ ਸ਼ਰਮ, ਹਯਾ ਅਤੇ ਸੁਹਜ-ਸਲੀਕੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਪੱਛਮੀ ਸੱਭਿਆਚਾਰ ਨੇ ਪੂਰੇ ਵਿਸ਼ਵ ਨੂੰ ਆਪਣੇ ਪ੍ਰਭਾਵ 'ਚ ਲੈਣ ਦੇ ਦੌਰ 'ਚ ਪੂਰਬੀ ਰਹੁ-ਰੀਤਾਂ ਅਤੇ ਰਹਿਣ-ਸਹਿਣ ਦੇ ਸੁਹਜ ਸਲੀਕੇ ਨੂੰ ਵੀ ਵੱਡੇ ਪੱਧਰ 'ਤੇ ਨਾ-ਸਿਰਫ਼ ਪ੍ਰਭਾਵਿਤ ਹੀ ਕੀਤਾ, ਸਗੋਂ ਪੂਰਬ ਦੇ ਵੱਖ-ਵੱਖ ਵਿਰਸਿਆਂ ਦੀ ਹੋਂਦ ਨੂੰ ਵੀ ਖ਼ਤਰੇ 'ਚ ਪਾ ਦਿੱਤਾ ਹੈ। ਇਸੇ ਕਾਰਨ ਹੀ ਇਕ ਅਮੀਰ ਵਿਰਸੇ ਦੀ ਪ੍ਰਤੀਨਿਧਤਾ ਕਰਨ ਵਾਲੇ ਪੰਜਾਬ ਅੰਦਰ ਕਈ ਵਾਰ ਪੱਛਮੀ ਸੱਭਿਆਚਾਰ ਦੇ ਵਧ ਰਹੇ ਪ੍ਰਭਾਵ ਅਤੇ ਪਹਿਰਾਵੇ ਦੀ ਆਲੋਚਨਾ ਵੀ ਹੁੰਦੀ ਹੈ ਅਤੇ ਆਪਣੇ ਪੰਜਾਬੀ ਵਿਰਸੇ ਦੇ ਪਹਿਰਾਵੇ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਸਿੱਖ ਧਰਮ ਜੋ ਕਿ ਪੂਰਬ ਦਾ ਸਭ ਤੋਂ ਆਧੁਨਿਕ ਅਤੇ ਸੰਮਿਲਤ ਫਲਸਫਾ ਹੈ, ਜੋ ਸਮੁੱਚੀ ਸ੍ਰਿਸ਼ਟੀ ਲਈ ਮਾਫ਼ਕ ਹੈ ਅਤੇ ਪੰਜਾਬ ਦੇ ਵਿਰਸੇ ਦਾ ਆਧਾਰ ਵੀ ਹੈ, ਪਹਿਰਾਵੇ ਪ੍ਰਤੀ ਬੜੇ ਸੰਤੁਲਿਤ ਵਿਚਾਰ ਪੇਸ਼ ਕਰਦਾ ਹੈ। ਸਿੱਖ ਧਰਮ ਸਹਿਜ ਦਾ ਮਾਰਗ ਹੋਣ ਕਾਰਨ ਮਨ ਦੀ ਮਤਿ ਨੂੰ ਤਿਆਗ ਕੇ ਗੁਰੂ ਅੱਗੇ ਸਮਰਪਣ ਦੀ ਜੁਗਤ ਦੱਸਦਾ ਹੈ। ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਦਾ ਅਭਿਆਸ ਹੈ। ਜੀਵਨ ਨੂੰ ਸੰਸਾਰੀ ਚਲਚਿਤ ਤੇ ਚੰਚਲ ਰੀਤੀਆਂ ਤੋਂ ਉੱਪਰ ਚੁੱਕ ਕੇ ਵਿਗਾਸ ਵੱਲ ਲਿਜਾਣ ਦਾ ਮਾਰਗ ਹੈ, ਜੋ ਸੰਸਾਰੀ ਤ੍ਰਿਸ਼ਨਾਵਾਂ ਤੇ ਲਾਲਸਾਵਾਂ ਨੂੰ ਮਾਰਨ ਦੀ ਗੱਲ ਕਰਦਾ ਹੈ।

ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ॥
ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ॥ (ਅੰਗ: 65)

ਇਸੇ ਤਰ੍ਹਾਂ ਸਿੱਖ ਧਰਮ 'ਚ ਨਾ ਤਾਂ ਕੱਪੜੇ ਲਾਹ ਕੇ ਨਗਨ ਫਿਰਨ ਦੀ ਆਗਿਆ ਹੈ ਅਤੇ ਨਾ ਹੀ ਕਿਸੇ ਵਿਸ਼ੇਸ਼ ਪ੍ਰਕਾਰ ਦੇ ਭੇਖ ਧਾਰਨ ਕਰਨ ਨੂੰ ਵੱਡਾ ਮਹੱਤਵ ਦਿੱਤਾ ਗਿਆ ਹੈ। ਭਾਵੇਂ ਕਿ ਗੁਰਮਤਿ 'ਚ ਪਹਿਰਾਵੇ ਸੰਬੰਧੀ ਕੋਈ ਵਿਸ਼ੇਸ਼ ਬੰਦਿਸ਼ ਨਹੀਂ ਹੈ, ਪਰ ਇਹ ਜ਼ਰੂਰ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ ਕਿ ਅਜਿਹੇ ਪਹਿਰਾਵੇ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਸ ਨਾਲ ਤਨ ਨੂੰ ਤਕਲੀਫ਼ ਅਤੇ ਮਨ 'ਚ ਵਿਕਾਰ ਪੈਦਾ ਹੋਣ। ਗੁਰ-ਫ਼ਰਮਾਨ ਸੇਧ ਦਿੰਦਾ ਹੈ:

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਅੰਗ: 16)

ਪਹਿਰਾਵੇ ਦਾ ਮਨੁੱਖੀ ਮਨ ਦੀ ਬਿਰਤੀ ਨਾਲ ਕਿੰਨਾ ਸੂਖਮ ਸੰਬੰਧ ਹੈ, ਇਸ ਬਾਰੇ ਤਾਂ ਹੁਣ ਵਿਗਿਆਨ ਵੀ ਸਵੀਕਾਰ ਕਰ ਚੁੱਕਾ ਹੈ। ਵਿਗਿਆਨ ਅਨੁਸਾਰ, ਗੂੜ੍ਹੇ ਤੇ ਚਮਕੀਲੇ ਰੰਗ ਮਨੁੱਖੀ ਅੱਖਾਂ ਨੂੰ ਜ਼ਿਆਦਾ ਤੀਬਰਤਾ ਨਾਲ ਆਕਰਸ਼ਿਤ ਕਰਦੇ ਹਨ ਅਤੇ ਇਹ ਆਕਰਸ਼ਣ ਮਨੁੱਖੀ ਬਿਰਤੀ ਦੇ ਠਹਿਰਾਓ ਤੇ ਸੁਰਤ ਦੇ ਟਿਕਾਓ ਨੂੰ ਪ੍ਰਭਾਵਿਤ ਕਰਨ ਦੀ ਵਿਸ਼ੇਸ਼ਤਾ ਰੱਖਦਾ ਹੈ। ਇਹੀ ਪ੍ਰਭਾਵ, ਬਿਰਤੀ 'ਚ ਚੰਚਲਤਾ ਪੈਦਾ ਕਰਦਾ ਹੈ ਤੇ ਚੰਚਲ ਬਿਰਤੀ ਤੋਂ ਵਿਕਾਰ ਪੈਦਾ ਹੁੰਦੇ ਹਨ, ਜੋ ਰੂਹਾਨੀਅਤ ਦੇ ਰਾਹ 'ਚ ਵੱਡੀ ਰੁਕਾਵਟ ਬਣਦੇ ਹਨ। ਗੁਰ-ਫ਼ਰਮਾਨ ਹੈ:

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥ (ਅੰਗ: 54)

ਇਸੇ ਕਾਰਨ ਹੀ 'ਸਾਦਗੀ' ਆਤਮ-ਜਗਿਆਸੂ ਤੇ ਪਰਮਾਰਥ ਦੇ ਪਾਂਧੀਆਂ ਦੇ ਜੀਵਨ ਦਾ ਗਹਿਣਾ ਰਹੀ ਹੈ। ਕਿਉਂਕਿ ਪਰਮਾਰਥ ਦੇ ਪਾਂਧੀਆਂ ਦਾ ਨਿਸ਼ਾਨਾ ਪ੍ਰਭੂ ਪਤੀ 'ਚ ਸੁਰਤਲੀਨ ਹੋਣਾ ਹੁੰਦਾ ਹੈ ਅਤੇ ਗੁਰਬਾਣੀ ਕਹਿੰਦੀ ਹੈ ਕਿ:

ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ॥ (ਅੰਗ: 786)

ਅਤੇ ਰੂਹਾਨੀਅਤ ਦੇ ਪੰਧ 'ਚ ਸਹਿਜ ਦੇ ਘਰ ਤੱਕ ਪਹੁੰਚਣ ਅਤੇ ਸਦੀਵੀ ਖੇੜੇ ਨੂੰ ਹਾਸਿਲ ਕਰਨ ਲਈ ਗੁਰਸਿੱਖਾਂ ਅੱਗੇ ਗੁਰਮਤਿ ਦਾ ਆਸ਼ਾ ਹੈ:

ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ॥
ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ॥ (ਅੰਗ: 786)

ਆਧੁਨਿਕ ਯੁੱਗ 'ਚ ਪੱਛਮੀ ਪ੍ਰਭਾਵ ਕਾਰਨ ਪਹਿਰਾਵੇ ਨੂੰ ਆਪਣਾ ਤਨ ਕੱਜਣ ਦਾ ਜ਼ਰੀਆ ਘੱਟ, ਬਲਕਿ ਫ਼ੈਸ਼ਨ ਦਾ ਪ੍ਰਤੀਕ ਵਧੇਰੇ ਕਬੂਲਿਆ ਜਾਂਦਾ ਹੈ। ਇਸੇ ਕਾਰਨ ਭੜਕੀਲੇ ਰੰਗਾਂ ਵਾਲੇ, ਘੱਟ ਕੱਪੜੇ ਅਤੇ ਨੰਗੇਜ਼ ਵਾਲੇ ਪਹਿਰਾਵਿਆਂ ਦੇ ਰਿਵਾਜ ਦਾ ਬੋਲਬਾਲਾ ਹੋ ਰਿਹਾ ਹੈ, ਜੋ ਧਰਮ ਅਤੇ ਸਮਾਜ ਲਈ ਕਈ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਸਿੱਖ ਫ਼ਲਸਫ਼ੇ ਅੰਦਰ ਪਹਿਰਾਵੇ ਨੂੰ ਇੱਜ਼ਤ ਅਤੇ ਸਨਮਾਨ ਦਾ ਪ੍ਰਤੀਕ ਅਤੇ ਨੰਗੇਜ਼ ਨੂੰ ਮਨੁੱਖ ਦੀ ਬੇਪੱਤੀ ਦੀ ਨਿਸ਼ਾਨੀ ਸਮਝਿਆ ਗਿਆ ਹੈ। ਇਸੇ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਅੰਦਰ ਫ਼ਰਮਾਉਂਦੇ ਹਨ ਕਿ ਗੁਰਸਿੱਖਾਂ ਦਾ ਪਹਿਨਣਾ ਵੀ ਸਰਬ-ਵਿਆਪਕ ਦੀ ਚੇਤਨਾ 'ਚ ਰੰਗਿਆ ਹੁੰਦਾ ਹੈ, ਜਿਸ ਕਰਕੇ ਉਹ ਸਦਾ ਆਦਰ ਪਾਉਂਦੇ ਹਨ ਅਤੇ ਉਨ੍ਹਾਂ ਨੂੰ ਨੰਗੇਜ਼ ਅਤੇ ਬੇਇੱਜ਼ਤੀ ਦਾ ਡਰ ਨਹੀਂ ਰਹਿੰਦਾ।

ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ॥ (ਅੰਗ: 593)

ਇਸ ਤੋਂ ਇਹ ਸੇਧ ਸਪੱਸ਼ਟ ਹੁੰਦੀ ਹੈ ਕਿ ਪੂਰਬ ਦੇ ਸਭ ਤੋਂ ਆਧੁਨਿਕ ਗੁਰਮਤਿ ਦੇ ਫ਼ਲਸਫ਼ੇ ਨੇ ਇਹ ਤਸਲੀਮ ਕੀਤਾ ਹੈ ਕਿ ਚੰਗੇ ਮਨੁੱਖਾਂ ਦਾ ਪਹਿਰਾਵਾ ਅਜਿਹਾ ਹੋਣਾ ਚਾਹੀਦਾ ਹੈ, ਜਿਸ ਕਾਰਨ ਨਾ ਤਾਂ ਮਨ 'ਚ ਭੈੜੇ ਵਿਚਾਰ ਤੇ ਅਸ਼ਲੀਲਤਾ ਪੈਦਾ ਹੁੰਦੀ ਹੋਵੇ ਅਤੇ ਨਾ ਹੀ ਪਹਿਰਾਵਾ ਸ੍ਰਿਸ਼ਟੀ ਦੇ ਕਰਤੇ ਦੀ ਚੇਤਨਾ ਤੋਂ ਮਨੁੱਖ ਨੂੰ ਦੂਰ ਕਰਦਾ ਹੋਵੇ। ਇਸ ਤਰ੍ਹਾਂ ਗੁਰਮਤਿ 'ਚ ਇਸਤਰੀ-ਮਰਦ, ਦੋਵਾਂ ਦੇ ਪਹਿਰਾਵੇ 'ਚ ਅਜਿਹੀ ਕੋਈ ਖੁੱਲ੍ਹ ਨਹੀਂ ਦਿੱਤੀ ਗਈ, ਜੋ ਸਮਾਜ 'ਚ ਦੁਰਾਚਾਰ ਪੈਦਾ ਕਰਨ ਦਾ ਕਾਰਨ ਬਣੇ ਅਤੇ ਜੋ ਧਰਮ ਦੇ ਸਹਿਜ-ਸ਼ਾਲੀਨ ਮਾਰਗ 'ਤੇ ਤੁਰਨ ਵਾਲਿਆਂ ਦੀ ਬਿਰਤੀ ਖੰਡਿਤ ਕਰਦਾ ਹੋਵੇ।

ਸੋ, ਸਪੱਸ਼ਟ ਹੈ ਕਿ ਪੱਛਮੀ ਪਹਿਰਾਵੇ 'ਚ ਨੰਗੇਜ਼ ਤੇ ਭੜਕਾਹਟ ਹੋਣ ਕਾਰਨ ਹੀ ਹੁਣ ਧਾਰਮਿਕ ਅਸਥਾਨਾਂ ਦੇ ਨਾਲ-ਨਾਲ ਵਿੱਦਿਅਕ ਸੰਸਥਾਵਾਂ, ਕੰਮਕਾਜੀ ਅਦਾਰਿਆਂ ਅਤੇ ਅਨੁਸ਼ਾਸਨਬੱਧ ਫੋਰਸਾਂ 'ਚ ਵੀ ਪਹਿਰਾਵੇ ਸੰਬੰਧੀ ਢੁਕਵੇਂ ਦਿਸ਼ਾ-ਨਿਰਦੇਸ਼ ਨਿਰਧਾਰਿਤ ਕਰਨੇ ਪੈ ਰਹੇ ਹਨ।

-ਮੋਬਾਈਲ : 98780-70008



# ਰਤਨ-ਏ-ਕੌਮ ਦਸ਼ਮੇਸ਼ ਤਰਨਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ



ਜਸਵਿੰਦਰ ਸਿੰਘ (ਜੱਸਾ ਅਨਜਾਣ)

ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦਾ ਜਨਮ ਪਿਤਾ ਜਥੇਦਾਰ ਗਿਆਨੀ ਦਰਸ਼ਨ ਸਿੰਘ ਦੇ ਗ੍ਰਹਿ ਮਾਤਾ ਜਥੇਦਾਰਨੀ ਨਰਿੰਦਰ ਕੌਰ ਦੀ ਕੁੱਖੋਂ 1986 ਨੂੰ ਨਾਨਕਾ ਪਿੰਡ ਭਿੱਟੇਵੱਡ ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਾਬਾ ਜੀ ਦਾ ਮਨ ਬਚਪਨ ਤੋਂ ਹੀ ਗੁਰਬਾਣੀ ਨਾਲ ਜੁੜ ਗਿਆ। ਚੰਗੇ ਵਿਦਵਾਨਾਂ ਕੋਲੋਂ ਗੁਰਬਾਣੀ ਦੀ ਸੰਥਿਆ ਲਈ ਤੇ 2011 ਨੂੰ ਪੱਕੇ ਤੌਰ 'ਤੇ ਉਪਰੋਕਤ ਦਲ ਪੰਥ 'ਚ ਭਰਤੀ ਹੋ ਗਏ ਅਤੇ ਇਨ੍ਹਾਂ ਦੀਆਂ ਜਥੇਬੰਦੀ ਪ੍ਰਤੀ ਸੇਵਾਵਾਂ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਨੂੰ 2012 'ਚ ਮੀਤ ਜਥੇਦਾਰ ਥਾਪਿਆ ਗਿਆ ਇੱਥੇ ਵਰਣਨਯੋਗ ਹੈ ਕਿ ਬਾਬਾ ਮੇਜਰ ਸਿੰਘ ਸੋਢੀ ਦਾ ਨਾਨਕਾ ਤੇ ਦਾਦਕਾ ਪਰਿਵਾਰ ਪੀੜ੍ਹੀਆਂ ਤੋਂ ਦਸਮੇਸ਼ ਤਰਨਾ ਦਲ ਮਿਸਲ ਸ਼ਹੀਦ ਬਾਬਾ ਬੀਰ ਸਿੰਘ ਸ਼ਹੀਦ ਬਾਬਾ ਧੀਰ ਸਿੰਘ ਦੇ ਨਿਹੰਗ ਸਿੰਘ ਸਜਦੇ ਆ ਰਹੇ ਹਨ, ਜਿਨ੍ਹਾਂ 'ਚ ਜਥੇਦਾਰ ਕ੍ਰਿਸ਼ਨ ਸਿੰਘ, ਜਥੇਦਾਰ ਲੁਹਾਰਾ ਸਿੰਘ, ਜਥੇਦਾਰ ਬਾਵਾ ਸਿੰਘ ਪ੍ਰਦੇਸ਼ੀ ਪੰਥ ਦੇ ਮਹਾਨ ਪ੍ਰਚਾਰਕ ਹੋਏ ਹਨ। ਇਸੇ ਤਰ੍ਹਾਂ ਨਾਨਕਾ ਪਰਿਵਾਰ 'ਚ ਨਾਨਾ ਜੀ ਜਥੇਦਾਰ ਅਰਜਨ ਸਿੰਘ ਉਰਫ਼ ਬੜਕਾ ਸਿੰਘ ਦਲ ਪੰਥ ਦੇ ਮੀਤ ਜਥੇਦਾਰ ਰਹੇ ਹਨ ਤੇ ਜਥੇਦਾਰ ਦਾਰਾ ਸਿੰਘ ਘੋੜਿਆਂ ਦੇ 45 ਸਾਲ ਤੱਕ ਜਥੇਦਾਰ ਰਹੇ। ਨਾਨਕਾ ਤੇ ਦਾਦਕਾ ਪਰਿਵਾਰ ਦੀਆਂ ਦਲ ਪੰਥ 'ਚ ਮਹਾਨ ਸੇਵਾਵਾਂ ਨੂੰ ਦੇਖਦਿਆਂ ਅਤੇ ਬਾਬਾ ਮੇਜਰ ਸਿੰਘ ਸੋਢੀ ਵਲੋਂ ਦਲ ਪੰਥ 'ਚ ਚੜ੍ਹਦੀ ਕਲਾ ਅਤੇ ਤਨਦੇਹੀ ਨਾਲ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਦੇਖਦਿਆਂ ਸੱਚਖੰਡ ਵਾਸੀ ਜਥੇਦਾਰ ਬਾਬਾ ਬਲਕਾਰ ਸਿੰਘ ਸੋਢੀ ਵਲੋਂ ਆਪਣੇ ਜਿਉਂਦੇ ਜੀਅ ਭਾਰਤ ਦੀਆਂ ਪ੍ਰਮੁੱਖ ਨਿਹੰਗ ਸਿੰਘ ਜਥੇਬੰਦੀਆਂ ਦੀ ਹਾਜ਼ਰੀ 'ਚ ਬਾਬਾ ਮੇਜਰ ਸਿੰਘ ਸੋਢੀ ਨੂੰ ਸ਼੍ਰੋਮਣੀ ਪੰਥ ਅਕਾਲੀ ਦਸਮੇਸ਼ ਤਰਨਾ ਦਲ ਪੰਜਵਾਂ ਨਿਸ਼ਾਨ ਦਾ ਮੁਖੀ ਥਾਪ ਦਿੱਤਾ ਗਿਆ। ਬਾਬਾ ਮੇਜਰ ਸਿੰਘ ਸੋਢੀ ਨੇ ਦਸਮੇਸ਼ ਤਰਨਾ ਦਲ ਦੀ ਜਥੇਦਾਰੀ ਸੰਭਾਲਣ ਉਪਰੰਤ ਗੁਰਬਾਣੀ ਅਤੇ ਗੁਰਸਿੱਖੀ ਦਾ ਪ੍ਰਚਾਰ ਵੱਡੇ ਪੱਧਰ 'ਤੇ ਸ਼ੁਰੂ ਕਰ ਦਿੱਤਾ ਤੇ ਬੇਅੰਤ ਸੰਗਤਾਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਬਾਣੀ ਤੇ ਬਾਣੇ ਦੇ ਧਾਰਨੀ ਬਣਾਇਆ। 2022 ਨੂੰ ਆਲ ਇੰਡੀਆ ਮਜ਼੍ਹਬੀ ਸਿੱਖ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਵਲੋਂ ਆਪ ਨੂੰ 'ਰਤਨ-ਏ-ਕੌਮ' ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਤੇ ਇਸੇ ਦਿਨ ਹੀ ਭਾਰਤ ਦੀਆਂ ਪ੍ਰਮੁੱਖ ਨਿਹੰਗ ਸਿੰਘ ਜਥੇਬੰਦੀਆਂ ਵਲੋਂ ਬਾਬਾ ਮੇਜਰ ਸਿੰਘ ਸੋਢੀ ਨੂੰ 'ਜਥੇਦਾਰ ਨਵਾਬ ਕਪੂਰ ਸਿੰਘ ਐਵਾਰਡ' ਨਾਲ ਸਨਮਾਨਿਤ ਵੀ ਕੀਤਾ ਗਿਆ। ਬਾਬਾ ਮੇਜਰ ਸਿੰਘ ਸੋਢੀ ਦੀ ਯੋਗ ਅਗਵਾਈ 'ਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਸਿੱਖ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਕੁਰਬਾਨੀ ਨੂੰ ਯਾਦ ਕਰਦਿਆਂ ਤੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਵਲੋਂ ਨੌਂਵੇਂ ਗੁਰੂ ਸਾਹਿਬ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਉਣਾ ਇਸੇ ਤਹਿਤ ਹੀ ਸੀਸ ਭੇਟ ਯਾਤਰਾ ਦਿਵਸ ਨਗਰ ਕੀਰਤਨ ਦੇ ਰੂਪ 'ਚ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਤੋਂ ਆਰੰਭ ਕਰਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਸਕਾਰ ਦਿਵਸ ਸ਼ਰਧਾ ਪੂਰਵਕ ਮਨਾਉਣ ਦਾ ਉਪਰਾਲਾ ਕੀਤਾ ਗਿਆ। ਸਿੰਘ ਸਾਹਿਬ ਨੇ ਦੱਸਿਆ ਕਿ 2025 'ਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਸ਼ਤਾਬਦੀ ਰੂਪ 'ਚ ਬੜੇ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ, ਜਿਸ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਸਾਡੀ ਤਾਂ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੂੰ ਵਾਹਿਗੁਰੂ ਬਲ ਬਖਸ਼ਣ, ਉਹ ਇਸੇ ਤਰ੍ਹਾਂ ਹੀ ਕੌਮ ਦੀਆਂ ਅਹਿਮ ਸੇਵਾਵਾਂ ਨਿਭਾਉਂਦੇ ਰਹਿਣ।

-'ਅਜੀਤ' ਪ੍ਰਤੀਨਿਧੀ ਚੱਬਾ,
ਗੋਲਡਨ ਸਿਟੀ, ਵਰਪਾਲ, ਅੰਮ੍ਰਿਤਸਰ।
ਮੋਬਾ: 84278-86534

# ਚਾਰ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਗੁਰਧਾਮ



ਕਿਸ਼ਤ-4

ਡਾ. ਪਰਮਵੀਰ ਸਿੰਘ

(ਲੜੀ ਜੋੜਨ ਲਈ ਪਿਛਲੇ ਸੋਮਵਾਰ ਦਾ ਅੰਕ ਦੇਖੋ)

**ਬੇਈਂਹਾਰਾ:** ਇਹ ਪਿੰਡ ਅਨੰਦਪੁਰ ਸਾਹਿਬ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਗੜ੍ਹਸ਼ੰਕਰ ਵਾਲੀ ਸੜਕ 'ਤੇ ਸਤਲੁਜ ਦਰਿਆ ਦੇ ਦੂਜੇ ਪਾਸੇ ਸਥਿਤ ਹੈ। ਇੱਥੇ ਹੀ ਸੁਆਂ ਨਦੀ ਸਤਲੁਜ ਦਰਿਆ 'ਚ ਪੈਂਦੀ ਹੈ, ਜਿਸ ਕਰਕੇ ਇਸ ਮਿਲਾਪ ਨੂੰ 'ਦੁਮੇਲ' ਕਿਹਾ ਜਾਂਦਾ ਹੈ। ਇਸ ਦੇ ਨੇੜੇ ਹੀ ਇਕ ਪਿੰਡ ਹੀਰਪੁਰ ਹੈ। ਇਸ ਲਈ ਇਸ ਅਸਥਾਨ ਨੂੰ ਬੇਈਂਹਾਰਾ ਹੀਰਪੁਰ ਕਿਹਾ ਜਾਂਦਾ ਹੈ। ਸਥਾਨਕ ਪਰੰਪਰਾ ਦਾ ਪ੍ਰਗਟਾਵਾ ਕਰਦੇ ਹੋਏ ਇੱਥੋਂ ਦੇ ਪ੍ਰਬੰਧਕ ਬਾਬਾ ਗੁਰਚਰਨ ਸਿੰਘ ਨੇ ਦੱਸਿਆ ਕਿ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਬਸੀ ਤੋਂ ਆਪਣਾ ਕਾਰਜ ਸਫ਼ਲ ਕਰਕੇ ਇੱਥੇ ਪੁੱਜੇ ਤਾਂ ਦਰਿਆ 'ਚ ਪਾਣੀ ਬਹੁਤ ਆਇਆ ਹੋਇਆ ਸੀ, ਜਿਸ ਕਰਕੇ ਉਨ੍ਹਾਂ ਨੇ ਇਸ ਅਸਥਾਨ 'ਤੇ ਪੜਾਅ ਕੀਤਾ ਸੀ। ਇਸ ਸਮੇਂ ਕੁਝ ਜ਼ਖ਼ਮੀ ਸਿੰਘ ਵੀ ਉਨ੍ਹਾਂ ਦੇ ਨਾਲ ਸਨ ਜਿਨ੍ਹਾਂ 'ਚ ਕੁਝ ਇਕ ਇੱਥੇ ਅਕਾਲ ਚਲਾਣਾ ਕਰ ਗਏ ਸਨ। ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੇ ਹੱਥੀਂ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਸੀ। ਮੌਜੂਦਾ ਗੁਰਧਾਮ ਲਗਪਗ 80 ਸਾਲ ਪਹਿਲਾਂ ਉਸਾਰੀ ਕੀਤਾ ਗਿਆ ਸੀ। ਇਨ੍ਹਾਂ ਤੋਂ ਪਹਿਲਾਂ ਸੰਤ ਨਗੀਨਾ ਸਿੰਘ, ਸੰਤ ਨਿਰਮਲ ਸਿੰਘ, ਬਾਬਾ ਨਿਰੰਜਨ ਸਿੰਘ ਅਤੇ ਬਾਬਾ ਤਾਰਾ ਸਿੰਘ ਇਸ ਅਸਥਾਨ 'ਤੇ ਸੇਵਾ ਕਰਦੇ ਰਹੇ ਹਨ। ਲਗਪਗ 10 ਕਨਾਲ ਜਗ੍ਹਾ 'ਤੇ ਦਰਬਾਰ ਹਾਲ, ਦੀਵਾਨ ਹਾਲ, ਲੰਗਰ ਹਾਲ ਅਤੇ ਰਿਹਾਇਸ਼ੀ ਕਮਰੇ ਬਣੇ ਹੋਏ ਹਨ।

**ਗੁਰਦੁਆਰਾ ਅਜੀਤਗੜ੍ਹ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ ਹੀ ਇਹ ਅਸਥਾਨ ਗੁਰਦੁਆਰਾ ਸ਼ਹੀਦੀ ਬਾਗ਼ ਦੇ ਸਾਹਮਣੇ ਹੈ। ਸਥਾਨਕ ਪਰੰਪਰਾ ਦੱਸਦੀ ਹੈ ਕਿ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਬਸੀ ਦੇ ਪਠਾਣ ਜਾਬਰ ਖ਼ਾਂ ਨੂੰ ਫੜ ਕੇ ਅਨੰਦਪੁਰ ਸਾਹਿਬ ਲਿਆਏ ਤਾਂ ਉਸ ਨੂੰ ਇਸ ਅਸਥਾਨ 'ਤੇ ਸਜ਼ਾ ਦੇ ਕੇ ਮਾਰ ਦਿੱਤਾ ਗਿਆ ਸੀ। ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਦੇ ਪਹਿਲੇ ਮੁਖੀ ਬਾਬਾ ਹਰਭਜਨ ਸਿੰਘ ਨੇ ਇਸ ਦਾ ਨੀਂਹ ਪੱਥਰ ਰੱਖਿਆ ਸੀ।



ਗੁਰਦੁਆਰਾ ਅਜੀਤਗੜ੍ਹ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਨੇ 1699 'ਚ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਉਸ ਸਮੇਂ ਤੋਂ ਹੀ ਇਹ ਅਸਥਾਨ ਸਿੱਖੀ ਸਰੂਪ ਅਤੇ ਸਿੱਖ ਸੰਘਰਸ਼ ਦਾ ਕੇਂਦਰ ਬਣ ਚੁੱਕਿਆ ਸੀ। ਪਹਾੜੀ ਰਾਜੇ ਆਪਣੇ ਆਪ ਨੂੰ ਉੱਚੀਆਂ ਜਾਤਾਂ 'ਚੋਂ ਸਮਝਦੇ ਸਨ ਅਤੇ ਉਹ ਗੁਰੂ ਸਾਹਿਬ ਦੀ ਬਰਾਬਰੀ ਵਾਲੀ ਵਿਚਾਰਧਾਰਾ 'ਚ ਸ਼ਾਮਿਲ ਨਹੀਂ ਹੋਏ ਸਨ। ਉਹ ਇਹ ਸਮਝਣ ਲੱਗੇ ਸਨ ਕਿ ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਹਜ਼ਾਰਾਂ ਸਾਲਾਂ ਤੋਂ ਚੱਲੀਆਂ ਆ ਰਹੀਆਂ ਧਾਰਮਿਕ ਭਾਵਨਾਵਾਂ ਨੂੰ ਭੰਗ ਕਰ ਦਿੱਤਾ ਹੈ। ਉਹ ਗੁਰੂ ਸਾਹਿਬ ਦੇ ਵਿਰੁੱਧ ਹੋ ਗਏ ਸਨ। ਗੁਰੂ ਸਾਹਿਬ ਨਾਲ ਉਨ੍ਹਾਂ ਦਾ ਵਿਰੋਧ ਇੰਨਾ ਵਧ ਗਿਆ ਸੀ ਜਿਹੜਾ ਕਿ ਜੰਗੀ ਰੂਪ 'ਚ ਸਾਹਮਣੇ ਆਉਣ ਲੱਗਾ ਸੀ। ਪਹਾੜੀ ਰਾਜੇ ਗੁਰੂ ਸਾਹਿਬ ਵਿਰੁੱਧ ਜੰਗ ਕਰਨ ਲੱਗੇ ਸਨ ਅਤੇ ਲਗਪਗ ਚਾਰ ਸਾਲ ਉਨ੍ਹਾਂ ਦੀਆਂ ਕਾਰਵਾਈਆਂ ਜਾਰੀ ਰਹੀਆਂ। ਜਦੋਂ ਉਨ੍ਹਾਂ ਦਾ ਕੋਈ ਵੱਸ ਨਾ ਚੱਲਿਆ ਤਾਂ ਮਈ 1705 'ਚ ਉਹ ਦਿੱਲੀ ਦਰਬਾਰ ਤੋਂ ਮੁਗ਼ਲ ਫ਼ੌਜਾਂ ਅਨੰਦਪੁਰ ਸਾਹਿਬ 'ਤੇ ਚੜ੍ਹਾ ਲਿਆਏ ਸਨ। ਪਹਾੜੀ ਰਾਜਿਆਂ ਅਤੇ ਸ਼ਾਹੀ ਫ਼ੌਜਾਂ ਨੇ ਲੰਮਾ ਸਮਾਂ ਅਨੰਦਪੁਰ ਸਾਹਿਬ ਨੂੰ ਘੇਰਾ ਪਾਈ ਰੱਖਿਆ। ਸ਼ਾਹੀ ਫ਼ੌਜਾਂ ਦਾ ਖਰਚ ਪਹਾੜੀ ਰਾਜਿਆਂ ਦੀ ਜ਼ਿੰਮੇਵਾਰੀ ਸੀ ਅਤੇ ਉਨ੍ਹਾਂ ਦੇ ਖ਼ਜ਼ਾਨੇ ਖਾਲੀ ਹੋ ਗਏ ਸਨ। ਦੂਜੇ ਪਾਸੇ ਮੁਗ਼ਲ ਫ਼ੌਜਾਂ 'ਤੇ ਇਹ ਦਬਾਅ ਪੈ ਰਿਹਾ ਸੀ ਕਿ ਕਿਸੇ ਤਰ੍ਹਾਂ ਨਾਲ ਇਹ ਘੇਰਾ ਖ਼ਤਮ ਕੀਤਾ ਜਾਵੇ ਤਾਂ ਕਿ ਹੋਰਨਾਂ ਰਾਜਾਂ 'ਚ ਚੱਲ ਰਹੀਆਂ ਸਮੱਸਿਆਵਾਂ 'ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਵਧਣ ਲੱਗੀ ਸੀ। ਦੋਵੇਂ ਫ਼ੌਜਾਂ ਦੇ ਜਰਨੈਲਾਂ ਨੇ ਆਪੋ-ਆਪਣੇ ਧਰਮ ਗ੍ਰੰਥਾਂ ਦੀ ਸਹੁੰ ਖਾਧੀ ਕਿ ਜੇਕਰ ਗੁਰੂ ਜੀ ਕਿਲ੍ਹਾ ਖਾਲੀ ਕਰ ਦੇਣ ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਅਖ਼ੀਰ ਗੁਰੂ ਜੀ ਨੇ ਕਿਲ੍ਹਾ ਖਾਲੀ ਕਰਨ ਦਾ ਮਨ ਬਣ ਲਿਆ ਪਰ ਸ਼ਾਹੀ ਅਤੇ ਪਹਾੜੀ ਫ਼ੌਜਾਂ ਨੇ ਆਪਣੀਆਂ ਸਹੁੰਆਂ ਤੋੜ ਕੇ ਗੁਰੂ ਜੀ ਦੇ ਕਾਫ਼ਲੇ 'ਤੇ ਹਮਲਾ ਕਰ ਦਿੱਤਾ ਸੀ। ਇਸ ਸਮੇਂ ਗੁਰੂ ਜੀ ਆਪਣੇ ਸਿੰਘਾਂ ਅਤੇ ਪਰਿਵਾਰ ਸਮੇਤ ਸਰਸਾ ਦਰਿਆ ਦੇ ਕੰਢੇ 'ਤੇ ਮੌਜੂਦ ਸਨ। ਸਰਸਾ ਦਰਿਆ 'ਚ ਹੜ੍ਹ ਵਰਗੀ ਸਥਿਤੀ ਬਣੀ ਹੋਈ ਸੀ ਅਤੇ ਪਿੱਛੋਂ ਭਾਰੀ ਫ਼ੌਜ ਨੇ ਹਮਲਾ ਕਰ ਦਿੱਤਾ ਸੀ। ਗੁਰੂ ਜੀ ਨੇ ਛੇਤੀ ਨਾਲ ਸਰਸਾ ਦਰਿਆ 'ਤੇ ਫ਼ੌਜ ਨੂੰ ਰੋਕਣ ਅਤੇ ਇਸ ਨੂੰ ਪਾਰ ਕਰਨ ਦਾ ਯਤਨ ਕੀਤਾ। ਇਸ ਅਚਾਨਕ ਹੋਏ ਹਮਲੇ ਦੌਰਾਨ ਗੁਰੂ ਜੀ ਦਾ ਪਰਿਵਾਰ ਵਿਛੜ ਗਿਆ ਸੀ।

(ਬਾਕੀ ਅਗਲੇ ਸੋਮਵਾਰ ਦੇ ਅੰਕ 'ਚ)

-ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

CMYK